BRAMPTON Flower City brampton.ca

media release

ਤੁਰੰਤ ਰਿਲੀਜ ਲਈ

## ਬ੍ਰੈਂਪਟਨ ਇਸ ਗਰਮੀ ਕਾਰਜਕਰਮਾਂ ਦੀ ਵਿਸਤ੍ਰਿਤ ਸੂਚੀ ਦੇ ਨਾਲ ਪ੍ਰਾਈਡ ਦਾ ਜਸ਼ਨ ਮਨਾਵੇਗਾ

ਬ੍ਰੈਂਪਟਨ, ਓਨਟੈਰੀਓ (18 ਜੂਨ, 2019) – ਨਿਵਾਸੀਆਂ ਅਤੇ ਆਉਣ ਵਾਲਿਆਂ ਨੂੰ ਇਸ ਗਰਮੀ ਤਿੰਨ ਕਾਰਜਕਰਮਾਂ ਦੇ ਨਾਲ ਬ੍ਰੈਂਪਟਨ ਦੇ LGBTTIQQ2SA ਭਾਈਚਾਰੇ ਦਾ ਜਸ਼ਨ ਮਨਾਉਣ ਲਈ ਸੱਦਾ ਦਿੱਤਾ ਜਾਂਦਾ ਹੈ। ਇਹਨਾਂ ਪ੍ਰੋਗਰਾਮਾਂ ਵਿੱਚੋਂ ਦੋ ਪ੍ਰੋਗਰਾਮ ਪਹਿਲੀ ਵਾਰ ਆਯੋਜਿਤ ਹੋਣਗੇ!

ਹੇਠਾਂ ਇਸ ਸਾਲ ਬ੍ਰੈਂਪਟਨ ਦੇ ਪ੍ਰਾਈਡ (Pride) ਕਾਰਜਕਰਮਾਂ ਦੇ ਵੇਰਵੇ ਦਿੱਤੇ ਗਏ ਹਨ:

**ਮੇਅਰ ਬ੍ਰਾਊਨ ਅਤੇ ਕਾਉਂਸਿਲ ਲਵ ਇਜ ਲਵ ਇਜ ਲਵ ਪ੍ਰਾਈਡ ਪਰੇਡ ਪ੍ਰੈਪ ਪਾਰਟੀ (Mayor Brown and Council Love is Love is Love Pride Parade Prep Party) | 22 ਜੂਨ**

ਸ਼ਨੀਵਾਰ, 22 ਜੂਨ ਨੂੰ ਦੁਪਹਿਰ ਬਾਅਦ 2 ਵਜੇ ਤੋਂ ਸ਼ਾਮ 4 ਵਜੇ ਤੱਕ, ਹੁਣ ਤੱਕ ਦੇ ਪਹਿਲੇ ਕਾਰਜਕਰਮ, ਮੇਅਰ ਬ੍ਰਾਊਨ ਅਤੇ ਕਾਉਂਸਿਲ ਲਵ ਇਜ ਲਵ ਇਜ ਲਵ ਪ੍ਰਾਈਡ ਪਰੇਡ ਪ੍ਰੈਪ ਪਾਰਟੀ ਲਈ ਸਿਟੀ ਹਾਲ ਵਿੱਚ ਸਾਡੇ ਨਾਲ ਜੁੜੋ। ਇਹ ਪਰਿਵਾਰ-ਅਨੁਕੂਲਿਤ ਕਾਰਜਕਰਮ ਡੀ.ਜੇ. (DJ), ਰਿਫਰੈਸ਼ਮੈਂਟ ਅਤੇ ਗੁਬਾਰਾ ਕਲਾਕਾਰਾਂ ਨੂੰ ਪੇਸ਼ ਕਰੇਗਾ। ਹਰ ਕਿਸੇ ਨੂੰ ਗੁਬਾਰਿਆਂ ਦੀ ਸਿਰਜਣਾ ਨੂੰ ਅਗਲੇ ਦਿਨ ਐਤਵਾਰ, 23 ਜੂਨ ਨੂੰ ਟੋਰੋਂਟੋ ਪ੍ਰਾਈਡ ਪਰੇਡ ਵਿੱਚ ਲਿਆਉਣ ਲਈ ਸੱਦਾ ਦਿੱਤਾ ਜਾਂਦਾ ਹੈ। ਪਾਰਟੀ ਨੂੰ ਮੈਰੀਡੀਅਨ ਕ੍ਰੈਡਿਟ ਯੂਨੀਅਨ (Meridian Credit Union) ਨੇ ਸਪਾਂਸਰ ਕੀਤਾ ਹੈ।

ਸ਼ਾਮਲ ਹੋਣ ਲਈ ਇੱਥੇ (here) ਰਜਿਸਟਰ ਕਰੋ।

**ਮੇਅਰ ਬ੍ਰਾਊਨ ਅਤੇ ਕਾਉਂਸਿਲ ਨਾਲ ਟੋਰੋਂਟੋ ਪ੍ਰਾਈਡ ਪਰੇਡ (Toronto Pride Parade with Mayor Brown and Council) | 23 ਜੂਨ**

ਐਤਵਾਰ, 23 ਜੂਨ ਨੂੰ ਅਜ਼ਾਦੀ, ਅਭਿਵਿਅਕਤੀ, ਪਿਆਰ ਅਤੇ ਸਮਝ ਦੇ ਸਨਮਾਨ ਵਿੱਚ — ਉੱਤਰੀ ਅਮਰੀਕਾ (North America) ਵਿੱਚ ਇੱਕ ਸਭ ਤੋਂ ਵੱਡੀ — ਟੋਰੋਂਟੋ ਪ੍ਰਾਈਡ ਪਰੇਡ ਵਿੱਚ ਮੇਅਰ ਪੈਟਰਿਕ ਬ੍ਰਾਊਨ ਅਤੇ ਕਾਉਂਸਿਲ ਦੇ ਨਾਲ ਬ੍ਰੈਂਪਟਨ ਦੀ ਨੁਮਾਇੰਦਗੀ ਕਰੋ। ਜੇਕਰ ਤੁਸੀਂ ਮੇਅਰ ਅਤੇ ਕਾਉਂਸਲਰਾਂ ਦੇ ਪਿੱਛੇ ਪ੍ਰਾਈਮਰੀ ਮਾਰਚ ਦਾ ਹਿੱਸਾ ਬਣਨ ਦੇ ਇਛੁੱਕ ਹੋ, ਤਾਂ ਗੁਲਾਬੀ ਕਮੀਜ਼ ਪਹਿਨੋ ਅਤੇ ਟੇਡ ਰੋਜਰਸ ਵੇ (Ted Rogers Way) ਅਤੇ ਬਲੂਰ ਸਟ੍ਰੀਟ (Bloor Street) ਵਿਖੇ ਦੁਪਹਿਰ ਬਾਅਦ 1:15 ਵਜੇ ਮੇਅਰ ਅਤੇ ਕਾਉਂਸਿਲ ਨੂੰ ਮਿਲੋ।

ਪੂਰੇ ਵੇਰਵਿਆਂ ਲਈ, ਇੱਥੇ (here) ਕਲਿੱਕ ਕਰੋ।

**ਪ੍ਰਾਈਡ ਇਨ ਦ ਸਕਵੇਅਰ (Pride in the Square) | 7 ਜੁਲਾਈ**

ਲਗਾਤਾਰ ਦੂਜੇ ਸਾਲ ਲਈ, ਸਿਟੀ ਪ੍ਰਾਈਡ ਇਨ ਦ ਸਕਵੇਅਰ ਦਾ ਆਯੋਜਨ ਕਰ ਰਹੀ ਹੈ। ਐਤਵਾਰ, 7 ਜੁਲਾਈ ਨੂੰ ਦੁਪਹਿਰ ਬਾਅਦ 2 ਵਜੇ ਤੋਂ ਰਾਤ 9 ਵਜੇ ਤੱਕ ਗਾਰਡਨ ਸਕਵੇਅਰ (Garden Square) ਵਿੱਚ ਸਾਡੇ ਨਾਲ ਜੁੜੋ ਅਤੇ ਕਲਾ, ਪ੍ਰਦਰਸ਼ਨ ਅਤੇ ਪਰਿਵਾਰ-ਅਨੁਕੂਲਿਤ ਪ੍ਰੋਗਰਾਮਾਂ ਦੁਆਰਾ ਪ੍ਰਾਈਡ ਦਾ ਜਸ਼ਨ ਮਨਾਓ। ਕਈ ਤਰ੍ਹਾਂ ਦੇ ਭਾਈਚਾਰਕ ਪ੍ਰਦਰਸ਼ਕਾਂ ਨੂੰ ਬ੍ਰਾਊਜ਼ ਕਰੋ ਅਤੇ ਲਾਈਵ ਮਨੋਰੰਜਨ ਦਾ ਮਜ਼ਾ ਲਵੋ, ਇਸ ਵਿੱਚ ਮੁੱਖ ਪ੍ਰਦਰਸ਼ਕ ਟੂ ਅਟੈਚਡ (Too Attached) ਅਤੇ ਕਲਾਕਾਰਾਂ ਫੇ ਐਂਡ ਫਲਫੀ (Fay & Fluffy), ਫਲਾਈ ਲੇਡੀ ਡੀ (Fly Lady Di) ਅਤੇ ਕਵਾਰਟਰਬੈਕ (Quarterback) ਨੂੰ

ਪੇਸ਼ ਕੀਤਾ ਜਾਏਗਾ। ਸ਼ਾਮ 7 ਵਜੇ ਤੋਂ ਰਾਤ 9 ਵਜੇ ਤੱਕ ਰੋਜ ਥਿਏਟਰ (Rose Theatre) ਦੇ ਵੱਡੇ ਖੁੱਲ੍ਹੇ ਖੇਤਰ ਵਿੱਚ ਡੀ.ਜੇ. ਚਿਪੀ ਨੋਨਸਟੌਪ (DJ Chippy Nonstop) ਦੇ ਨਾਲ ਬਾਅਦ ਦੀ-ਪਾਰਟੀ ਨਾ ਖੁੰਝਾਓ।

ਪੂਰੇ ਵੇਰਵਿਆਂ ਲਈ, ਇੱਥੇ (here) ਕਲਿੱਕ ਕਰੋ।

ਇਹਨਾਂ ਰੋਮਾਂਚਕ ਕਾਰਜਕਰਮਾਂ ਬਾਰੇ ਪੂਰੇ ਵੇਰਵਿਆਂ ਲਈ www.brampton.ca/pride ਤੇ ਜਾਓ।

ਹਰੇ-ਭਰੇ ਸ਼ਹਿਰ (Green City) ਦੇ ਤੌਰ ਤੇ, ਅਸੀਂ ਨਿਵਾਸੀਆਂ ਨੂੰ ਉਤਸ਼ਾਹਿਤ ਕਰਦੇ ਹਾਂ ਕਿ ਜਿੱਥੇ ਵੀ ਸੰਭਵ ਹੋਵੇ, ਉਹ ਸਫਰ ਲਈ ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੀ ਵਰਤੋਂ ਕਰਨ। ਆਪਣੀ ਟ੍ਰਿਪ ਦੀ ਯੋਜਨਾ ਬਣਾਉਣ ਲਈ www.bramptontransit.com ਤੇ ਜਾਓ।

**ਹਵਾਲਾ**

"ਮੈਂ ਹਰ ਕਿਸੇ ਨੂੰ ਇਸ ਸਾਲ ਬ੍ਰੈਂਪਟਨ ਦੇ ਤਿੰਨ ਪ੍ਰਾਈਡ ਕਾਰਜਕਰਮਾਂ ਵਾਸਤੇ ਸਾਡੇ ਨਾਲ ਜੁੜਨ ਲਈ ਉਤਸ਼ਾਹਿਤ ਕਰਦਾ ਹਾਂ। ਦੋ ਬਿਲਕੁੱਲ ਨਵੇਂ ਕਾਰਜਕਰਮਾਂ ਦੇ ਨਾਲ, ਸਾਡੇ ਪ੍ਰਾਈਡ ਜਸ਼ਨ ਖੁੰਝਾਉਣ ਵਾਲੇ ਨਹੀਂ ਹਨ। ਬ੍ਰੈਂਪਟਨ ਦੇ ਸਾਡੇ ਮੋਜੈਕ ਭਾਈਚਾਰੇ ਵਿੱਚ ਲਵ ਇਜ ਲਵ ਇਜ ਲਵ। ਮੈਂ ਹਰ ਕਿਸੇ ਨੂੰ ਉਤਸ਼ਾਹਿਤ ਕਰਦਾ ਹਾਂ ਕਿ ਘਰੋਂ ਬਾਹਰ ਨਿੱਕਲ ਕੇ LGBTTIQQ2SA ਭਾਈਚਾਰੇ ਦੇ ਸਨਮਾਨਿਤ ਮੈਂਬਰ ਦੇ ਤੌਰ ਤੇ ਜਾਂ ਇੱਕ ਸਮਰਥਕ ਦੇ ਤੌਰ ਤੇ ਆਪਣਾ ਸਮਰਥਨ ਦਰਸਾਓ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca